Energy at work FORTIS BC™

# ਨੈਚੂਰਲ ਗੈਸ ਦੇ ਆਲੇ-ਦੁਆਲ਼ੇ ਜ਼ਮੀਨ ਪੁੱਟਣ ਸੰਬੰਧੀ ਸੁਰੱਖਿਆ



# ਤਤਕਰਾ


| | |
|---|---|
| ਤੁਸੀਂ ਸਿਰਫ਼ ਗੈਸ ਲਾਈਨ ਦਾ ਨਹੀਂ, ਸਗੋਂ ਵੱਧ ਨੁਕਸਾਨ ਵੀ ਕਰ ਸਕਦੇ ਹੋ | 3 |
| ਤੁਹਾਡੀਆਂ ਜ਼ਿੰਮੇਵਾਰੀਆਂ | 4 |
| ਗੈਸ ਲਾਈਨ ਲੱਭਣ ਅਤੇ ਹੱਥੀਂ ਖੁਦਾਈ ਕਰਨ ਸੰਬੰਧੀ ਸੇਧ | 4 |
| ਸੁਰੱਖਿਆ ਸੰਬੰਧੀ ਕਾਨੂੰਨ ਅਤੇ ਨਿਯਮ | 6 |
| ਗੈਸ ਲਾਈਨ ਦੀ ਸਥਿਤੀ ਜਾਣਨ ਸੰਬੰਧੀ ਮਦਦ | 7 |
| FortisBC (ਫ਼ੋਰਟਿਸ ਬੀ.ਸੀ.) ਗੈਸ ਲਾਈਨ ਪਰਮਿਟ ਹਾਸਲ ਕਰਨਾ | 8–9 |
| ਐਮਰਜੰਸੀ ਮੁਰੰਮਤਾਂ | 9 |
| ਐਮਰਜੰਸੀ ਚੈੱਕਲਿਸਟ | 11 |


## ਸੁਰੱਖਿਅਤ ਰਹਿਣ ਲਈ ਕੀਤੇ ਜਾਣ ਵਾਲੇ ਕਾਰਜ

1. ਗੈਸ ਲਾਈਨਾਂ ਦੀਆਂ ਲੋਕੇਸ਼ਨਾਂ ਦੇ ਰਿਕਾਰਡ ਲੈਣ ਵਾਸਤੇ ਬੇਨਤੀ ਕਰਨ ਲਈ bconecall.ca ’ਤੇ ਕਲਿੱਕ ਕਰੋ ਜਾਂ BC One Call ਨੂੰ **1-800-474-6886** ਜਾਂ TELUS ਜਾਂ Rogers ਮੋਬਾਈਲ ਨੈੱਟਵਰਕ ਤੋਂ ***6886** ’ਤੇ ਫ਼ੋਨ ਕਰੋ। ਅਜਿਹਾ ਕਰਨਾ FortisBC (ਫ਼ੋਰਟਿਸ ਬੀ.ਸੀ.) ਅਤੇ ਸੂਬਾਈ ਗੈਸ ਸੁਰੱਖਿਆ ਨਿਯਮਾਂ ਲਈ ਲਾਜ਼ਮੀ ਹੈ। ਤੁਹਾਨੂੰ ਇਹ ਜਾਣਕਾਰੀ ਦੋ ਕੰਮ-ਕਾਜੀ ਦਿਨਾਂ ਦੇ ਅੰਦਰ-ਅੰਦਰ ਮਿਲ ਜਾਣੀ ਚਾਹੀਦੀ ਹੈ।
2. ਜ਼ਮੀਨ ਪੁੱਟਣ ਸਮੇਂ ਗੈਸ ਲਾਈਨਾਂ ਸੰਬੰਧੀ ਜਾਣਕਾਰੀ ਮੌਕੇ ’ਤੇ ਮੌਜੂਦ ਰੱਖੋ। ਜੇ ਇਹ ਜਾਣਕਾਰੀ ਸਮਝਣ ਵਿੱਚ ਤੁਹਾਨੂੰ ਮਦਦ ਚਾਹੀਦੀ ਹੈ ਤਾਂ ਸਾਡੇ Public Underground Location Services (ਪਬਲਿਕ ਅੰਡਰਗਰਾਊਂਡ ਲੋਕੇਸ਼ਨ ਸਰਵਿਸਿਜ਼) ਨੂੰ **1-888-222-6555** ’ਤੇ ਫ਼ੋਨ ਕਰੋ।
3. ਲਾਈਨਾਂ ਦੀ ਭਾਲ ਕਰਨ ਲਈ ਗੈਸ ਲਾਈਨਾਂ ਦੀ ਜਾਣਕਾਰੀ ਇਸਤੇਮਾਲ ਕਰੋ। ਨਿਸ਼ਾਨੀ ਲਗਾਉਣ ਲਈ ਲਾਈਨਾਂ ਵਾਲੀ ਥਾਂ ਉੱਪਰ ਪੇਂਟ ਕਰੋ ਜਾਂ ਕੋਈ ਖੁੰਟਾ ਗੱਡ ਦਿਓ ਅਤੇ ਇਨ੍ਹਾਂ ਨਿਸ਼ਾਨੀਆਂ ਨੂੰ ਜ਼ਮੀਨ ਪੁੱਟਣ ਦਾ ਕੰਮ ਚੱਲਦਾ ਰਹਿਣ ਤੱਕ ਬਰਕਰਾਰ ਰੱਖੋ।
4. ਮਸ਼ੀਨੀ ਸਾਜ਼ੋ-ਸਾਮਾਨ ਇਸਤੇਮਾਲ ਕਰਨ ਤੋਂ ਪਹਿਲਾਂ ਗੈਸ ਦੀਆਂ ਲਾਈਨਾਂ ਨੰਗੀਆਂ ਕਰਨ ਲਈ ਹੱਥੀਂ ਜ਼ਮੀਨ ਪੁੱਟੋ।

# ਤੁਸੀਂ ਸਿਰਫ਼ ਗੈਸ ਲਾਈਨ ਦਾ ਨਹੀਂ, ਸਗੋਂ ਵੱਧ ਨੁਕਸਾਨ ਵੀ ਕਰ ਸਕਦੇ ਹੋ

ਜ਼ਮੀਨ ਨੂੰ ਪੁੱਟਣ ਦਾ ਕੰਮ ਜ਼ਿੰਮੇਵਾਰੀ ਨਾਲ ਕੀਤਾ ਜਾਣ ਵਾਲਾ ਕਾਰੋਬਾਰ ਹੈ। ਇਸ ਲਈ ਬਣਦਾ ਧਿਆਨ ਰੱਖਣਾ ਮਹੱਤਵਪੂਰਣ ਹੈ।

ਕੰਮ ਵਾਲੀ ਥਾਂ ’ਤੇ ਸੁਰੱਖਿਆ ਯਕੀਨੀ ਬਣਾਉਣ ਲਈ ਜ਼ਮੀਨ ਪੁੱਟਣੀ ਸ਼ੁਰੂ ਕਰਨ ਤੋਂ ਪਹਿਲਾਂ ਨੈਚੁਰਲ ਗੈਸ ਪਾਈਪ ਲਾਈਨਾਂ ਦੀ ਸਥਿਤੀ ਬਾਰੇ ਜਾਣਨਾ ਪਹਿਲਾ ਕਾਰਜ ਹੈ। ਅਜਿਹਾ ਕਰਨ ਲਈ ਜ਼ਮੀਨਦੋਜ਼ ਗੈਸ ਲਾਈਨਾਂ ਦੀ ਜਾਣਕਾਰੀ ਹਾਸਲ ਕਰਨ ਵਾਸਤੇ ਬੇਨਤੀ ਕਰਨ ਲਈ BC One Call (ਬੀ.ਸੀ. ਵੰਨ ਕਾਲ) ਨੂੰ ਫ਼ੋਨ ਕਰੋ।

ਇੱਕ ਵਾਰੀ ਜਦੋਂ ਤੁਹਾਨੂੰ ਪਾਈਪ ਲਾਈਨਾਂ ਦੇ ਨਕਸ਼ੇ ਮਿਲ ਜਾਣ, ਕੰਮ ਵਾਲੀ ਥਾਂ ’ਤੇ ਸੁਰੱਖਿਆ ਯਕੀਨੀ ਬਣਾਉਣ ਲਈ ਮਸ਼ੀਨੀ ਸਾਜ਼ੋ-ਸਾਮਾਨ ਇਸਤੇਮਾਲ ਕਰਨ ਤੋਂ ਪਹਿਲਾਂ ਹੱਥੀਂ ਜ਼ਮੀਨ ਪੁੱਟ ਕੇ ਗੈਸ ਦੀਆਂ ਲਾਈਨਾਂ ਨੰਗੀਆਂ ਕਰ ਲਓ।

ਪਾਈਪ ਲਾਈਨ ਉੱਪਰ ਸੱਟ ਵੱਜਣ ਨਾਲ ਜਨਤਾ ਅਤੇ ਤੁਹਾਡੇ ਕਾਮਿਆਂ ਦੀ ਸੁਰੱਖਿਆ ਨੂੰ ਤਾਂ ਖ਼ਤਰਾ ਪਹੁੰਚਦਾ ਹੀ ਹੈ, ਇਸ ਨਾਲ ਵਾਤਾਵਰਣ ’ਤੇ ਵੀ ਅਸਰ ਪੈ ਸਕਦਾ ਹੈ ਅਤੇ ਤੁਹਾਡੇ ਪੈਸਿਆਂ ਦਾ ਨੁਕਸਾਨ ਵੀ ਹੋ ਸਕਦਾ ਹੈ। ਇਸ ਲਈ ਬਣਦੀ ਸਾਵਧਾਨੀ ਵਰਤੋ, ਸੁਰੱਖਿਅਤ ਢੰਗ ਨਾਲ ਕੰਮ ਕਰੋ ਅਤੇ ਜ਼ਮੀਨ ਪੁੱਟਣ ਤੋਂ ਪਹਿਲਾਂ ਫ਼ੋਨ ਕਰੋ।

## ਬੀ.ਸੀ. ਵਨ ਕਾਲ

ਆਨਲਾਈਨ ਗੁਜ਼ਾਰਸ਼ ਲਈ ਕਲਿੱਕ ਕਰੋ: **bc1c.ca**
ਟੋਲ ਫਰੀ: **1-800-474-6886**
ਸੈੱਲ : ***6886** ( TELUS ਜਾਂ Rogers ਮੋਬਾਈਲ ਨੈੱਟਵਰਕ )

# ਤੁਹਾਡੀਆਂ ਜ਼ਿੰਮੇਵਾਰੀਆਂ

ਭਾਵੇਂ ਤੁਸੀਂ ਕਿਸੇ ਵੱਡੇ ਚੌਰਾਹੇ 'ਤੇ ਜ਼ਮੀਨ ਪੁੱਟ ਰਹੇ ਹੋਵੋ ਜਾਂ ਫ਼ੈਂਸ ਲਗਾ ਰਹੇ ਹੋਵੋ, ਬੀ.ਸੀ. ਵਿਚਲੇ ਨਿਯਮ ਜ਼ਮੀਨ ਪੁੱਟਣੀ ਸ਼ੁਰੂ ਕਰਨ ਤੋਂ ਪਹਿਲਾਂ ਹੇਠ ਲਿਖੇ ਤਿੰਨ ਕਾਰਜ ਕਰਨੇ ਲਾਜ਼ਮੀ ਬਣਾਉਂਦੇ ਹਨ:

1. BC One Call ਨੂੰ ਫ਼ੋਨ ਕਰਕੇ ਲਾਈਨਾਂ ਦੀਆਂ ਲੋਕੇਸ਼ਨਾਂ ਦੀ ਜਾਣਕਾਰੀ ਹਾਸਲ ਕਰਨ ਦੀ ਬੇਨਤੀ ਕਰੋ। ਇਹ ਕਾਲ ਮੁਫ਼ਤ ਹੈ।
2. ਜ਼ਮੀਨਦੋਜ਼ ਗੈਸ ਲਾਈਨਾਂ ਦੀ ਨਿਸ਼ਾਨੀ ਲਗਾਉਣ ਲਈ ਇਸ ਜਾਣਕਾਰੀ ਦੀ ਵਰਤੋਂ ਕਰੋ।
3. ਗੈਸ ਦੀਆਂ ਲਾਈਨਾਂ ਨੰਗੀਆਂ ਕਰਨ ਲਈ ਪਹਿਲਾਂ ਹੱਥੀਂ ਜ਼ਮੀਨ ਨੂੰ ਪੁੱਟੋ।

# ਗੈਸ ਦੀਆਂ ਲਾਈਨਾਂ ਲੱਭਣ ਅਤੇ ਹੱਥੀਂ ਜ਼ਮੀਨ ਪੁੱਟਣ ਸੰਬੰਧੀ ਨਿਰਦੇਸ਼

ਜ਼ਮੀਨ ਪੁੱਟਣ ਜਾਂ ਬੋਰ ਲਗਾਉਣ ਦਾ ਕੋਈ ਵੀ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਤੁਹਾਨੂੰ ਲਾਜ਼ਮੀ ਤੌਰ 'ਤੇ ਪਹਿਲਾਂ ਗੈਸ ਲਾਈਨ ਨੂੰ ਲੱਭਣਾ ਚਾਹੀਦਾ ਹੈ ਅਤੇ ਗੈਸ ਲਾਈਨ ਨੂੰ ਨੰਗੀ ਕਰਨ ਲਈ ਜ਼ਮੀਨ ਨੂੰ ਹੱਥੀਂ ਪੁੱਟਣਾ ਚਾਹੀਦਾ ਹੈ। ਗੈਸ ਦੀਆਂ ਲਾਈਨਾਂ ਲੱਭਣ ਅਤੇ ਹੱਥੀਂ ਜ਼ਮੀਨ ਨੂੰ ਪੁੱਟਣ ਸੰਬੰਧੀ ਬੀ.ਸੀ. ਸੇਫ਼ਟੀ ਅਥਾਰਿਟੀ ਨੇ ਹੇਠ ਲਿਖੇ ਨਿਰਦੇਸ਼ ਪ੍ਰਵਾਨ ਕੀਤੇ ਹਨ।

## ਇਹ ਲਾਜ਼ਮੀ ਹੈ ਕਿ:

- ਗੈਸ ਲਾਈਨਾਂ ਸੰਬੰਧੀ ਜਾਣਕਾਰੀ ਤੁਹਾਡੇ ਕੋਲ ਮੌਕੇ 'ਤੇ ਮੌਜੂਦ ਹੋਵੇ
- ਤੁਸੀਂ ਗੈਸ ਲਾਈਨ ਦੀ ਲੋਕੇਸ਼ਨ ਦਾ ਪਤਾ ਲਗਾਓ ਅਤੇ ਜਦੋਂ ਤਕ ਜ਼ਮੀਨ ਪੁੱਟਣ ਦਾ ਕੰਮ ਚਲਦਾ ਹੋਵੇ, ਉਦੋਂ ਤਕ ਨਿਸ਼ਾਨੀ ਲਗਾਉਣ ਲਈ ਲਾਈਨ ਵਾਲੀ ਥਾਂ 'ਤੇ ਪੇਂਟ ਕਰੋ ਜਾਂ ਖੂੰਟੇ ਗੱਡੋ
- ਜਿਸ ਥਾਂ 'ਤੇ ਤੁਸੀਂ ਪਾਈਪ ਦੀ ਮੌਜੂਦਗੀ ਦਾ ਪਤਾ ਲਗਾਇਆ ਹੈ, ਉੱਥੇ ਪਾਈਪ ਦੇ ਬਾਹਰੀ ਕਿਨਾਰਿਆਂ ਵਾਲੀ ਥਾਂ ਤਕ ਹੱਥੀਂ ਜ਼ਮੀਨ ਪੁੱਟੋ, ਪਰ 1 ਮੀਟਰ ਮੀਟਰ ਤੋਂ ਜ਼ਿਆਦਾ ਡੂੰਘੇ ਟੱਕ ਨਾ ਮਾਰੋ।

## ਤੁਸੀਂ ਹੇਠ ਲਿਖੇ ਕਾਰਜ ਵੀ ਕਰ ਸਕਦੇ ਹੋ:

- ਗੈਸ ਲਾਈਨ ਦੀ ਅੰਦਾਜ਼ਨ ਸਥਿਤੀ ਬਾਰੇ ਪਤਾ ਲਗਾਉਣ ਲਈ ਪਾਈਪ ਦੀ ਲੋਕੇਸ਼ਨ ਦੱਸਣ ਵਾਲਾ ਇਲੈਕਟ੍ਰੌਨਿਕ ਯੰਤਰ ਇਸਤੇਮਾਲ ਕਰੋ
- ਹੱਥੀਂ ਜ਼ਮੀਨ ਪੁੱਟਣੀ ਸ਼ੁਰੂ ਕਰਨ ਤੋਂ ਪਹਿਲਾਂ ਮਸ਼ੀਨਾਂ ਦੀ ਵਰਤੋਂ ਸਿਰਫ਼ ਜ਼ਮੀਨ ਦੀ ਉੱਪਰਲੀ ਸਤਹ ਨੂੰ ਪੁੱਟਣ ਜਾਂ ਖਿਲਾਰੇ ਨੂੰ ਸਮੇਟਣ ਲਈ ਹੀ ਕਰੋ (ਚਿੱਤਰ 1 ਦੇਖੋ)
- ਪਾਈਪ ਦੀ ਸੀਮਾ ਵਾਲੀ ਹੱਦ ਵਿੱਚ ਜ਼ਮੀਨ ਪੁੱਟਣ ਲਈ "ਹਾਈਡ੍ਰੋ-ਵੈਕ ਐਕਸਕੇਵੇਸ਼ਨ ਐਕਵਿੱਪਮੈਂਟ" ਇਸਤੇਮਾਲ ਕਰੋ




ਚਿੱਤਰ 1 - ਗੈਸ ਲਾਈਨ ਲਈ ਹੱਥੀਂ ਜ਼ਮੀਨ ਪੁੱਟਣੀ

## ਪਾਈਪ ਦੀ ਸੀਮਾ ਵਾਲੀਆਂ ਹੱਦਾਂ ਵਿਚਕਾਰ ਹੱਥੀਂ ਪੁੱਟੀ ਜ਼ਮੀਨ ਨੂੰ ਹੋਰ ਡੂੰਘਾ ਕਰਨ ਲਈ ਮਸ਼ੀਨ ਦੀ ਵਰਤੋਂ ਨਾ ਕਰੋ।

ਜ਼ਮੀਨ ਹੇਠ ਦੱਬੀਆਂ ਗੈਸ ਦੀਆਂ ਲਾਈਨਾਂ ਨੂੰ ਨੰਗਾ ਕਰਨ ਸਮੇਂ "ਮਸ਼ੀਨੀ ਖੁਦਾਈ ਦੀ ਮਨਾਹੀ ਵਾਲਾ ਜ਼ੋਨ" ਇੱਕ ਵਿਸ਼ੇਸ਼ ਖੇਤਰ ਵੱਲ ਇਸ਼ਾਰਾ ਕਰਦਾ ਹੈ। ਇਹ ਖੇਤਰ ਗੈਸ ਪਾਈਪ ਦੇ ਘੇਰੇ ਦੇ ਬਰਾਬਰ ਹੁੰਦਾ ਹੈ ਅਤੇ ਇਸ ਵਿੱਚ ਗੈਸ ਲਾਈਨ ਦੀ ਦੱਸੀ ਸਥਿਤੀ ਤੋਂ ਦੋਵੇਂ ਪਾਸਿਉਂ ਸਤਹ ਵੱਲ ਉੱਤੇ ਨੂੰ ਆਉਂਦਾ ਇੱਕ-ਇੱਕ ਮੀਟਰ ਦਾ ਖੇਤਰ ਵੀ ਸ਼ਾਮਲ ਹੁੰਦਾ ਹੈ।

"ਜ਼ੋਨ" ਵਿੱਚ ਪਾਈਪ ਨੂੰ ਨੰਗਾ ਕਰਨ ਲਈ ਹੱਥੀਂ ਵਰਤੇ ਜਾਣ ਵਾਲੇ ਸਾਜ਼ੋ-ਸਾਮਾਨ ਅਤੇ ਸੰਦਾਂ ਨਾਲ ਹੱਥੀਂ ਜ਼ਮੀਨ ਪੁੱਟੋ। ਮਸ਼ੀਨਾਂ ਦੀ ਵਰਤੋਂ ਸਿਰਫ਼ ਜ਼ਮੀਨ ਦੀ ਸਤਹ ਨੂੰ ਢਿੱਲੀ ਕਰਨ ਲਈ ਕੀਤੀ ਜਾਣੀ ਚਾਹੀਦੀ ਹੈ।

# ਸੁਰੱਖਿਆ ਸੰਬੰਧੀ ਕਾਨੂੰਨ ਅਤੇ ਨਿਯਮ

WorkSafeBC (ਵਰਕਸੇਫ਼ ਬੀ.ਸੀ.) ਅਤੇ Technical Safety BC (ਟੈਕਨੀਕਲ ਸੇਫਟੀ ਬੀ.ਸੀ.) ਦੀ ਇਹ ਸ਼ਰਤ ਹੈ ਕਿ ਤੁਸੀਂ ਜ਼ਮੀਨ ਹੇਠ ਦੱਬੀਆਂ ਗੈਸ ਲਾਈਨਾਂ ਦੀ ਜਾਣਕਾਰੀ ਹਾਸਲ ਕਰੋ ਅਤੇ ਲਾਈਨਾਂ ਨੰਗੀਆਂ ਕਰਨ ਲਈ ਹੱਥੀਂ ਜ਼ਮੀਨ ਪੁੱਟੋ।

ਬੀ.ਸੀ. ਵਿੱਚ ਜ਼ਮੀਨ ਪੁੱਟਣ ਜਾਂ ਪਾਈਪ ਲਾਈਨਾਂ ਦੇ ਨਜ਼ਦੀਕ ਕੰਮ-ਕਾਜ ਦੀ ਨਿਗਰਾਨੀ ਕਰਨ ਵਾਲੇ ਨਿਯਮਾਂ ਦੀ ਖ਼ਾਸ ਜਾਣਕਾਰੀ ਲਈ ਸੰਪਰਕ ਕਰੋ:

Technical Safety BC (ਟੈਕਨੀਕਲ ਸੇਫਟੀ ਬੀ.ਸੀ.)
Safety Standards Act and Gas Safety Regulation
(ਸੇਫਟੀ ਸਟੈਂਡਰਡਜ਼ ਐਕਟ ਐਂਡ ਗੈਸ ਸੇਫਟੀ ਰੈਗੂਲੇਸ਼ਨ)
**technicalsafetybc.ca**

WorkSafeBC (ਵਰਕਸੇਫ਼ ਬੀ.ਸੀ.)
Occupational Health and Safety Regulation
(ਔਕੂਪੇਸ਼ਨਲ ਹੈਲਥ ਐਂਡ ਸੇਫ਼ਟੀ ਰੈਗੂਲੇਸ਼ਨ)
**worksafebc.com**

BC Oil and Gas Commission (ਬੀ.ਸੀ. ਔਇਲ ਐਂਡ ਗੈਸ ਕਮਿਸ਼ਨ)
Oil and Gas Activities Act and Regulations
(ਔਇਲ ਐਂਡ ਗੈਸ ਐਕਟੀਵਿਟੀਜ਼ ਐਕਟ ਐਂਡ ਰੈਗੂਲੇਸ਼ਨ)
**bcogc.ca**

# ਲਾਈਨ ਲੱਭਣ ਵਿੱਚ ਮਦਦ

BC One Call ਨਾਲ ਸੰਪਰਕ ਕਰਨਾ ਅਤੇ ਲਾਈਨਾਂ ਦੀ ਸਥਿਤੀ ਦੀ ਜਾਣਕਾਰੀ ਹਾਸਲ ਕਰਨਾ ਤੁਹਾਡੀ ਜ਼ਿੰਮੇਵਾਰੀ ਹੈ। ਪਰ, ਹੇਠ ਲਿਖੇ ਹਾਲਾਤ ਵਿੱਚ FortisBC ਵੱਲੋਂ ਕੰਮ ਵਾਲੀ ਥਾਂ 'ਤੇ ਗੈਸ ਪਾਈਪ ਲਾਈਨਾਂ ਦੀ ਪਛਾਣ ਕਰਨ ਲਈ ਚਿੰਨ੍ਹ ਅਤੇ ਸਤਹ ਉੱਪਰ ਆਰਜ਼ੀ ਨਿਸ਼ਾਨੀਆਂ ਜਾਂ ਖੂੰਟੇ ਪ੍ਰਦਾਨ ਕੀਤੇ ਜਾਣਗੇ:

- ਜਦੋਂ ਵੇਰਵੇ ਸਹਿਤ ਰਿਕਾਰਡ ਉਪਲਬਧ ਨਾ ਹੋਣ
- ਜਦੋਂ ਉਸ ਥਾਂ ਦੇ ਪਲੈਨਾਂ ਜਾਂ ਲਿਸਟਿੰਗ ਵਿੱਚ ਦਿੱਤੀ ਜਾਣਕਾਰੀ ਸਪਸ਼ਟ ਨਾ ਹੋਵੇ ਜਾਂ ਜਦੋਂ ਗੈਸ ਦੀਆਂ ਪਾਈਪਾਂ FortisBC ਦੇ ਰਿਕਾਰਡਾਂ ਵੱਲੋਂ ਦਰਸਾਈ ਥਾਂ 'ਤੇ ਨਾ ਹੋਣ
- ਜਦੋਂ ਕਿਸੇ ਹੋਰ ਯੁਟਿਲਟੀ ਦੀ ਐਮਰਜੰਸੀ ਮੁਰੰਮਤ ਚੱਲ ਰਹੀ ਹੋਵੇ (ਜਿਵੇਂ ਕਿ ਪਾਣੀ ਦੀ ਪ੍ਰਮੁੱਖ ਪਾਈਪ ਜਾਂ ਸਿਵਰੇਜ ਦੀ ਮੁਰੰਮਤ)
- ਜਦੋਂ ਜ਼ਮੀਨ ਪੁੱਟਣ ਵਾਲਾ ਵਿਅਕਤੀ ਸਾਡੀ ਪ੍ਰਮੁੱਖ ਪਾਈਪ ਜਾਂ ਸਰਵਿਸ ਨੂੰ ਹੱਥੀਂ ਲੱਭਣ ਵਿੱਚ ਨਾਕਾਮਯਾਬ ਰਹ
- ਜਦੋਂ ਪੁੱਟਣ ਲਈ ਵਿਉਂਤੀ ਗਈ ਜ਼ਮੀਨ "ਇੰਟਰਮੀਡੀਏਟ ਪ੍ਰੈਸ਼ਰ ਪਾਈਪ ਲਾਈਨ" ਦੇ 10 ਮੀਟਰ ਦੇ ਵਿਚਕਾਰ ਹੈ ਜਾਂ 100 psi (700 kPa) ਤੋਂ ਵੱਧ ਦਬਾਅ 'ਤੇ ਚੱਲਣ ਵਾਲੀ "ਟ੍ਰਾਂਸਮਿਸ਼ਨ ਪ੍ਰੈਸ਼ਰ ਪਾਈਪ ਲਾਈਨ" ਦੇ ਖੂੰਜੇ ਤੋਂ 30 ਮੀਟਰ ਦੇ ਦਾਇਰੇ ਵਿੱਚ ਹੈ। ਅਗਲੇ ਸਫ਼ੇ 'ਤੇ FortisBC ਤੋਂ ਪਰਮਿਟ ਹਾਸਲ ਸੰਬੰਧੀ ਜਾਣਕਾਰੀ ਵਾਲਾ ਹਿੱਸਾ ਦੇਖੋ।

ਪਾਈਪਾਂ ਦੀ ਸਥਿਤੀ ਦੀ ਜਾਣਕਾਰੀ ਸੰਬੰਧੀ ਸਾਰੀਆਂ ਬੇਨਤੀਆਂ, ਜ਼ਮੀਨ ਪੁੱਟਣ ਦੇ ਕੰਮ ਦੀ ਨਿਰਧਾਰਤ ਸ਼ੁਰੂਆਤ ਤੋਂ ਘੱਟੋ-ਘੱਟ ਦੋ ਕੰਮ-ਕਾਜੀ ਦਿਨਾਂ ਤੋਂ ਪਹਿਲਾਂ BC One Call ਰਾਹੀਂ ਆਨਲਾਈਨ **bc1c.ca** 'ਤੇ ਜਾਂ **1-800-474-6866** 'ਤੇ, TELUS ਜਾਂ Rogers ਸੈੱਲ ਫ਼ੋਨ ਤੋਂ ***6886** 'ਤੇ ਜਮ੍ਹਾਂ ਕਰਵਾਈਆਂ ਜਾਣੀਆਂ ਚਾਹੀਦੀਆਂ ਹਨ।

ਜੇ ਤੁਹਾਡੇ ਪ੍ਰੋਜੈੱਕਟ ਵਿੱਚ ਦੇਰੀ ਹੋ ਜਾਵੇ ਅਤੇ FortisBC ਤੋਂ ਗੈਸ ਲਾਈਨਾਂ ਸੰਬੰਧੀ ਜਾਣਕਾਰੀ ਮਿਲਣ ਤੋਂ ਬਾਅਦ *10 ਕੰਮ-ਕਾਜੀ ਦਿਨਾਂ* ਦੇ ਅੰਦਰ-ਅੰਦਰ ਜ਼ਮੀਨ ਪੁੱਟਣ ਦਾ ਕੰਮ ਸ਼ੁਰੂ ਨਾ ਹੋਵੇ ਤਾਂ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਤੁਹਾਨੂੰ BC One Call ਤੋਂ ਗੈਸ ਲਾਈਨਾਂ ਦੀ ਸਥਿਤੀ ਦੀ ਪੜਤਾਲ ਕਰਨੀ ਚਾਹੀਦੀ ਹੈ।

# FortisBC ਤੋਂ ਗੈਸ ਲਾਈਨ ਪਰਮਿਟ ਹਾਸਲ ਕਰਨਾ

ਤੁਹਾਡੇ ਕੋਲ ਹੇਠ ਲਿਖੀਆਂ ਚੀਜ਼ਾਂ ਹੋਣੀਆਂ ਚਾਹੀਦੀਆਂ ਹਨ:

- 100 psi (700 kPa) ਤੋਂ ਵੱਧ ਦਬਾਅ ਵਾਲੀ ਪਾਈਪ ਲਾਈਨ ਦੇ 30 ਮੀਟਰ ਦੇ ਖੇਤਰ ਵਿੱਚ ਕੰਮ ਕਰਨ ਲਈ FortisBC ਤੋਂ ਲਿਖਤੀ ਇਜਾਜ਼ਤ
- ਹੇਠ ਲਿਖੀਆਂ ਸਥਿਤੀਆਂ ਵਿੱਚ ਕੰਮ ਕਰਨ ਲਈ FortisBC ਤੋਂ ਪਰਮਿਟ:

  –"ਟ੍ਰਾਂਸਮਿਸ਼ਨ ਪ੍ਰੈਸ਼ਰ ਪਾਈਪ ਲਾਈਨ" ਦੇ 10 ਮੀਟਰ ਦੇ ਖੇਤਰ ਵਿੱਚ

  –"ਇੰਟਰਮੀਡੀਏਟ ਪ੍ਰੈਸ਼ਰ ਪਾਈਪ ਲਾਈਨ" ਦੇ 2 ਮੀਟਰ ਦੇ ਖੇਤਰ ਵਿੱ

  –ਅਜਿਹੀ ਥਾਂ ਜਿੱਥੇ FortisBC ਨੂੰ ਵਿਧਾਨਕ ਤੌਰ 'ਤੇ "ਰਾਈਟ ਆਫ਼ ਵੇਅ" (ਰਸਤੇ ਤੋਂ ਲੰਘਣ ਦਾ ਅਧਿਕਾਰ) ਹੈ

# ਪਰਮਿਟ ਦੀ ਅਰਜ਼ੀ ਅਤੇ ਜ਼ਿਆਦਾ ਜਾਣਕਾਰੀ ਲਈ:

| | |
|---|---|
| ਲੋਕਲ ਕਾਲਾਂ | **604-576-7021** (ਲੋਅਰ ਮੇਨਲੈਂਡ ਵਿੱਚ) |
| ਟੋਲ ਫਰੀ | **1-877-599-0996** |
| ਈਮੇਲ | **property.services@fortisbc.com** |
| ਵੈੱਬ | **fortisbc.com/rightofway** |

# ਐਮਰਜੰਸੀ ਮੁਰੰਮਤਾਂ:

ਜੇ ਤੁਸੀਂ ਕਿਸੇ ਹੋਰ ਯੂਟਿਲਟੀ ਦੀ ਐਮਰਜੰਸੀ ਹਾਲਤ ਕਾਰਣ ਮੁਰੰਮਤ ਕਰ ਰਹੇ ਹੋ – ਉਦਾਹਰਣ ਵਜੋਂ, ਪਾਣੀ ਦੀ ਨੁਕਸਾਨੀ ਗਈ ਪ੍ਰਮੁੱਖ ਪਾਈਪ ਜਾਂ ਸੀਵਰੇਜ ਦੀ ਕੋਈ ਲਾਈਨ – ਅਤੇ ਤੁਹਾਨੂੰ FortisBC ਤੋਂ ਗੈਸ ਲਾਈਨਾਂ ਦੀ ਲੋਕੇਸ਼ਨ ਸੰਬੰਧੀ ਜਾਣਕਾਰੀ ਚਾਹੀਦੀ ਹੈ ਤਾਂ BC One Call ਨੂੰ **1-800-474-6886** ’ਤੇ ਫ਼ੋਨ ਕਰੋ ਅਤੇ FortisBC ਨੂੰ ਤੁਰੰਤ ਸੂਚਿਤ ਕਰ ਦਿੱਤਾ ਜਾਵੇਗਾ।



**ਯਾਦ ਰੱਖੋ:**

FortisBC ਅਤ WorkSafeBC ਨੂੰ ਗੈਸ ਲਾਈਨਾਂ ਨੂੰ ਹੋਏ ਨੁਕਸਾਨ ਦੀ ਸੂਚਨਾ ਦੇਣਾ ਕੌਨਟ੍ਰੈਕਟਰ ਦੀ ਜ਼ਿੰਮੇਵਾਰੀ ਹੈ। ਜਿਹੜਾ ਵੀ ਵਿਅਕਤੀ ਜਾਂ ਅਦਾਰਾ FortisBC ਦੀ ਜ਼ਮੀਨਦੋਜ਼ ਯੁਟਿਲਟੀ ਨੂੰ ਨੁਕਸਾਨ ਪਹੁੰਚਾਉਂਦਾ ਹੈ, FortisBC ਉਸ ਤੋਂ ਸਾਰੇ ਸੰਬੰਧਤ ਖ਼ਰਚਿਆਂ ਦੀ ਉਗਰਾਹੀ ਕਰਨ ਦੀ ਕੋਸ਼ਿਸ਼ ਕਰ ਸਕਦੀ ਹੈ।

# ਐਮਰਜੰਸੀ ਚੈੱਕਲਿਸਟ

ਜੇ ਕਿਸੇ ਟੁੱਟੀ ਹੋਈ ਪਾਈਪ ਤੋਂ ਗੈਸ ਲੀਕ ਹੋ ਰਹੀ ਹੋਵੇ:

- ☐ ਚਿੰਗਾਰੀ ਪੈਦਾ ਕਰਨ ਵਾਲੀਆਂ ਸਭ ਮਸ਼ੀਨਾਂ ਅਤੇ ਸਾਰੇ ਸਰੋਤ ਬੰਦ ਕਰ ਦਿਓ।
- ☐ ਥਾਂ ਖ਼ਾਲੀ ਕਰੋ – ਜੇ ਸੰਭਵ ਹੋਵੇ ਤਾਂ ਲੋਕਾਂ ਨੂੰ ਹਵਾ ਦੀ ਦਿਸ਼ਾ ਵੱਲ ਲੈ ਜਾਓ – ਕਾਰਾਂ ਅਤੇ ਖੜ੍ਹੇ ਲੋਕਾਂ ਨੂੰ ਉਸ ਥਾਂ ਤੋਂ ਦੂਰ ਰੱਖੋ।
- ☐ FortisBC ਦੀ ਨੈਚੁਰਲ ਗੈਸ ਐਮਰਜੰਸੀ ਲਾਈਨ ਨੂੰ ਤੁਰੰਤ **1-800-663-9911** ’ਤੇ ਫ਼ੋਨ ਕਰੋ।
- ☐ ਮੁਰੰਮਤ ਕਰਨ ਦੀ ਕੋਸ਼ਿਸ਼ ਨਾ ਕਰੋ ਅਤੇ ਜ਼ਮੀਨਦੋਜ਼ ਗੈਸ ਵਾਲਵਾਂ ਨਾਲ ਛੇੜ-ਛਾੜ ਨਾ ਕਰੋ।
- ☐ **911** ’ਤੇ ਜਾਂ ਫ਼ਾਇਰ ਵਿਭਾਗ ਨੂੰ ਫ਼ੋਨ ਕਰੋ।
- ☐ ਨਾਲ ਲੱਗਦੀਆਂ ਇਮਾਰਤਾਂ, ਜਿੱਥੇ ਡ੍ਰੇਨ (ਨਾਲੀਆਂ) ਆਦਿ ਰਾਹੀਂ ਗੈਸ ਵੜ ਸਕਦੀ ਹੈ, ਵਿੱਚ ਰਹਿੰਦੇ ਲੋਕਾਂ ਨੂੰ ਚੇਤਾਵਨੀ ਦਿਓ।
- ☐ ਉਸ ਇਮਾਰਤ ਵਿੱਚੋਂ ਲੋਕਾਂ ਨੂੰ ਬਾਹਰ ਕੱਢੋ ਅਤੇ ਜੇ ਗੁਆਂਢ ਵਿਚਲੀਆਂ ਇਮਾਰਤਾਂ ਵਿੱਚ ਵੀ ਗੈਸ ਪ੍ਰਵੇਸ਼ ਹੋਣ ਦਾ ਖਦਸ਼ਾ ਹੋਵੇ ਤਾਂ ਉਨ੍ਹਾਂ ਇਮਾਰਤਾਂ ਵਿੱਚੋਂ ਵੀ ਲੋਕਾਂ ਨੂੰ ਬਾਹਰ ਕੱਢੋ।

ਜੇ ਪਾਈਪ ਉੱਪਰ ਸੱਟ ਮਾਰੀ ਗਈ ਹੋਵੇ, ਪਾਈਪ ਹਿੱਲੀ ਜਾਂ ਖਿੱਚੀ ਗਈ ਹੋਵੇ, ਜਾਂ ਜੇ ਪਾਈਪ ਦੀ ਰੱਖਿਆ ਕਰਨ ਲਈ ਉਸ ਉੱਪਰ ਲਪੇਟੀ ਹੋਈ “ਟ੍ਰੇਸਰ ਵਾਇਰ” ਜਾਂ ਪਾਈਪ ਦੀ ਸਤਹ ਨੂੰ ਨੁਕਸਾਨ ਪਹੁੰਚਿਆ ਹੋਵੇ:

- ☐ ਸਾਰਾ ਕੰਮ ਬੰਦ ਕਰੋ ਅਤੇ FortisBC ਨੂੰ ਫ਼ੋਨ ਕਰੋ।
- ☐ ਉਸ ਥਾਂ ’ਤੇ ਗੈਸ ਲੀਕ ਹੋਣ ਦੀ ਗੰਧ ਜਾਂ ਆਵਾਜ਼ ਵੱਲ ਧਿਆਨ ਦਿਓ।
- ☐ ਪੁੱਟੀ ਹੋਈ ਜ਼ਮੀਨ ਨੂੰ ਦੁਬਾਰਾ ਨਾ ਭਰੋ। ਇਹ ਲਾਜ਼ਮੀ ਹੈ ਕਿ FortisBC ਵਾਲੇ ਆਪ ਆ ਕੇ ਪਾਈਪਾਂ ਦੇ ਜਾਲ ਦੀ ਮਜ਼ਬੂਤੀ ਦਾ ਮੁਆਇਨਾ ਕਰਨ ਅਤੇ ਨੁਕਸਾਨ ਦੀ ਮੁਰੰਮਤ ਕਰਨ।




BC One Call ਆਨਲਾਈਨ: **bc1c.ca**
BC One Call ਟੋਲ ਫਰੀ: **1-800-474-6886**
TELUS ਜਾਂ Rogers ਮੋਬਾਈਲ ਨੈੱਟਵਰਕ ’ਤੇ: ***6886**
ਨੈਚੁਰਲ ਗੈਸ ਸੰਬੰਧੀ ਐਮਰਜੈਂਸੀਆਂ: (24 ਘੰਟੇ):
**1-800-663-9911**
ਪਰਮਿਟ ਡੈਸਕ: **1-877-599-0996**

ਪਬਲਿਕ ਅੰਡਰਗਰਾਊਂਡ ਲੋਕੇਸ਼ਨ ਸਰਵਿਸਿਜ਼:
**1-888-822-6555**

*FortisBC (ਫ਼ੋਰਟਿਸ ਬੀ.ਸੀ.) Technical Safety BC (ਟੈਕਨੀਕਲ ਸੇਫਟੀ ਬੀ.ਸੀ.) ਦੀ ਸਹਾਇਤਾ ਅਤੇ ਸਹਿਯੋਗ ਨੂੰ ਮਾਨਤਾ ਦਿੰਦੀ ਹੈ।*

TECHNICAL SAFETY BC

FORTIS BC™
Energy at work

*FortisBC Energy Inc. ਆਪਣਾ ਕਾਰੋਬਾਰ FortisBC ਦੇ ਨਾਂ ਨਾਲ ਕਰਦੀ ਹੈ। ਕੰਪਨੀ FortisBC Inc. ਦੀ ਇੱਕ ਅਪ੍ਰਤੱਖ, ਸੰਪੂਰਣ ਮਲਕੀਅਤ ਵਾਲੀ ਸਹਾਇਕ ਕੰਪਨੀ ਹੈ। FortisBC ਵੱਲੋਂ FortisBC ਦਾ ਨਾਂ ਅਤੇ ਵਪਾਰਕ ਚਿੰਨ੍ਹ FortisBC Inc. ਦੇ ਲਾਇਸੈਂਸ ਅਧੀਨ ਵਰਤਿਆ ਜਾਂਦਾ ਹੈ। The Energy at work FortisBC logo ਅਤੇ ਡਿਜ਼ਾਈਨ FortisBC Energy Inc. ਦਾ ਟਰੇਡਮਾਰਕ ਹੈ।*

*(19-001.31   07/2019)*